HSE

Health and Safety Executive

Punjabi

# ਐਚਐਸਈ ਦੀ ਟੈਲੀਫੋਨ ਇੰਟਰਪ੍ਰੇਟਿੰਗ ਸਰਵਿਸ
## (HSE's Telephone Interpreting Service)

ਜੇ ਤੁਸੀਂ ਕਿਸੇ ਵਿਅਕਤੀ ਨਾਲ ਅੰਗਰੇਜ਼ੀ ਤੋਂ ਬਗੈਰ ਕਿਸੇ ਹੋਰ ਬੋਲੀ ਵਿਚ ਹੈਲਥ ਐਂਡ ਸੇਫਟੀ ਬਾਰੇ ਗੱਲ ਕਰਨੀ ਚਾਹੁੰਦੇ ਹੋ ਤਾਂ;

- ਸਾਡੀ ਜਨਤਕ ਪੁੱਛਗਿੱਛ ਸੇਵਾ, ਇਨਫੋਲਾਈਨ, ਨੂੰ 0845 345 0055 ਤੇ ਫੋਨ ਕਰੋ
- ਆਪ੍ਰੇਟਰ ਨੂੰ ਦੱਸ ਦੇਵੋ ਕਿ ਤੁਸੀਂ ਕਿਸ ਬੋਲੀ ਵਿਚ ਗੱਲ ਕਰਨੀ ਚਾਹੁੰਦੇ ਹੋ
- ਇਸ ਤੋਂ ਬਾਅਦ ਤਕਰੀਬਨ ਇਕ ਮਿੰਟ ਦੇ ਸਮੇਂ ਅੰਦਰ ਆਪ੍ਰੇਟਰ ਇਕ ਇੰਟਰਪ੍ਰੇਟਰ ਨਾਲ ਲਾਈਨ ਮਿਲਾ ਦੇਵੇਗਾ
- ਫਿਰ ਤੁਸੀਂ ਆਪਣੀ ਪੁੱਛਗਿੱਛ ਆਪਣੀ ਬੋਲੀ ਵਿਚ ਜ਼ਾਰੀ ਰੱਖ ਸਕਦੇ ਹੋ।

ਐਚਐਸਈ ਦਾ ਨਿਸ਼ਾਨਾ ਆਪਣੀ ਕਮਿਊਨਟੀ ਦੇ ਹਰ ਹਿੱਸੇ ਨੂੰ ਸੇਵਾ ਪ੍ਰਦਾਨ ਕਰਨਾ ਹੈ ਅਤੇ ਸਾਡੀ ਇੰਟਰਪ੍ਰੇਟਿੰਗ ਸਰਵਿਸ 100 ਵੱਖ ਵੱਖ ਬੋਲੀਆਂ ਕਵਰ ਕਰਦੀ ਹੈ, ਇਸ ਕਰਕੇ ਤੁਹਾਨੂੰ ਇਨਫੋਲਾਈਨ ਨੂੰ ਸਿਰਫ ਇਤਨਾ ਹੀ ਦੱਸਣ ਦੀ ਲੋੜ ਹੈ ਕਿ ਤੁਸੀਂ ਕਿਹੜੀ ਬੋਲੀ ਵਿਚ ਗੱਲ ਕਰਨੀ ਚਾਹੁੰਦੇ ਹੋ ਅਤੇ ਬਾਕੀ ਸੱਭ ਆਪ੍ਰੇਟਰ ਉਤੇ ਛੱਡ ਦੇਵੋ।

ਤੁਹਾਨੂੰ ਲੋੜੀਂਦੀ ਜਾਣਕਾਰੀ ਅਨੁਸਾਰ ਜਾਂ ਤਾਂ ਇਨਫੋਲਾਈਨ ਤੁਹਾਡੀ ਪੁੱਛਗਿੱਛ ਦਾ ਸਿੱਧਾ ਜਵਾਬ ਦੇਣ ਦੀ ਕੋਸ਼ਿਸ਼ ਕਰਨਗੇ ਜਾਂ ਫਿਰ ਇਸਦਾ ਜਵਾਬ ਦੇਣ ਲਈ ਐਚਐਸਈ ਦੇ ਢੁੱਕਵੇਂ ਮਹਿਕਮੇ ਦੇ ਹਵਾਲੇ ਕਰ ਦੇਣਗੇ। ਚਾਹੇ ਤੁਸੀਂ ਕਿਸੇ ਵੀ ਬੋਲੀ ਵਿਚ ਗੱਲ ਕਰਨ ਨੂੰ ਤਰਜ਼ੀਹ ਦਿੰਦੇ ਹੋਵੋ, ਅਸੀਂ ਸੇਵਾ ਲਈ ਹਾਜ਼ਰ ਹਾਂ, ਇਸ ਕਰਕੇ ਸਾਡੇ ਵਲੋਂ ਪੇਸ਼ ਕੀਤੀ ਜਾਣ ਵਾਲੀ ਸੇਵਾ ਦਾ ਲਾਭ ਉਠਾਵੋ ਜੀ।